# ਖ਼ਾਲਸਾ ਸਕੂਲ ਕੈਲਗਰੀ

# ਪੰਜਾਬੀ ਖ਼ਬਰਨਾਮਾ

## ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ

ਖ਼ਾਲਸਾ ਸਕੂਲ ਕੈਲਗਰੀ ਵਲੋਂ ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਦਿਨ ਸ਼ੁੱਕਰਵਾਰ, 1 ਦਸੰਬਰ, 2023 ਨੂੰ ਸ਼ਾਮ 4:30 –7:30 ਵਜੇ ਖ਼ਾਲਸਾ ਸਕੂਲ ਵਿਖੇ ਬਹੁਤ ਹੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿੱਚ ਬੱਚਿਆਂ ਵੱਲੋਂ ਗੁਰੂ ਜੀ ਦੇ ਜੀਵਨ ਬਾਰੇ ਸਾਖੀਆਂ ਅਤੇ ਕਵਿਤਾਵਾਂ ਪੜ੍ਹੀਆਂ ਜਾਣਗੀਆਂ ਅਤੇ ਕੀਰਤਨ ਕੀਤਾ ਜਾਵੇਗਾ। ਆਪ ਸਭ ਨੂੰ ਗੁਰਪੁਰਬ ਵਿੱਚ ਸ਼ਾਮਿਲ ਹੋਣ ਲਈ ਸੱਦਾ ਪੱਤਰ ਦਿੱਤਾ ਜਾ ਰਿਹਾ ਹੈ। ਅਸੀਂ ਬੱਚਿਆਂ, ਮਾਪਿਆਂ, ਅਧਿਆਪਕਾਂ ਅਤੇ ਬੋਰਡ ਮੈਂਬਰਾਂ ਦਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ ਜੋ ਇਸ ਗੁਰਪੁਰਬ ਨੂੰ ਮਨਾਉਣ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ।









## ਨਿੱਕੀਆਂ ਜਿੰਦਾਂ ਵੱਡਾ ਸਾਕਾ

ਖ਼ਾਲਸਾ ਸਕੂਲ ਵਲੋਂ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਦਿਨ ਸੋਮਵਾਰ, 18 ਦਸੰਬਰ, 2023 ਨੂੰ ਮਨਾਇਆ ਜਾ ਰਿਹਾ ਹੈ। ਇਸ ਦਿਨ ਬੱਚਿਆਂ ਵੱਲੋਂ ਕੀਰਤਨ ਕੀਤਾ ਜਾਵੇਗਾ ਅਤੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਸਾਖੀਆਂ ਅਤੇ ਕਵਿਤਾਵਾਂ ਸੁਣਾਈਆਂ ਜਾਣਗੀਆਂ। ਇਸ ਦਿਨ ਦੀ ਅਸੈਂਬਲੀ ਦੀ ਵੀਡੀਓ ਸਕੂਲ ਦੁਆਰਾ ਜ਼ੂਮ ਲਿੰਕ ਰਾਹੀਂ ਸਾਰੇ ਮਾਪਿਆਂ ਨੂੰ ਭੇਜੀ ਜਾਵੇਗੀ।

## ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਅਤੇ ਨਵੇਂ ਸਾਲ ਦੀ ਵਧਾਈ

ਆਪ ਸਭ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੀਆਂ ਬਹੁਤ ਬਹੁਤ ਵਧਾਈਆਂ।

ਖ਼ਾਲਸਾ ਸਕੂਲ ਕੈਲਗਰੀ ਦੇ ਬੋਰਡ ਮੈਂਬਰ, ਸਟਾਫ, ਪ੍ਰਬੰਧਕਾਂ, ਵਿਦਿਆਰਥੀਆਂ ਅਤੇ ਮਾਪਿਆਂ ਵੱਲੋਂ ਆਪ ਸਭ ਨੂੰ ਨਵੇਂ ਵਰ੍ਹੇ 2024 ਦੀਆਂ ਬਹੁਤ-ਬਹੁਤ ਵਧਾਈਆਂ। ਪਰਮਾਤਮਾ ਅੱਗੇ ਅਰਦਾਸ ਹੈ ਕਿ ਇਹ ਸਾਲ ਆਪ ਸਭ ਲਈ ਤੰਦਰੁਸਤੀ ਅਤੇ ਖੁਸ਼ੀਆਂ ਖੇੜੇ ਲੈ ਕੇ ਆਵੇ।

## ਸਕੂਲ ਰਜਿਸਟਰੇਸ਼ਨ

ਖ਼ਾਲਸਾ ਸਕੂਲ ਵਿੱਚ 2023-2024 ਸਕੂਲ ਵਰ੍ਹੇ ਲਈ ਕਿੰਡਰਗਾਰਟਨ ਲਈ ਦਾਖ਼ਲਾ 17 ਜਨਵਰੀ, 2024 ਤੋਂ ਸ਼ੁਰੂ ਹੈ।

17 ਜਨਵਰੀ, 2024 ਤੋਂ 14 ਫਰਵਰੀ, 2024 ਤੱਕ ਸਕੂਲ ਦੇ ਵਿੱਚ ਪਹਿਲਾਂ ਤੋਂ ਪੜ੍ਹ ਰਹੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਨੂੰ ਪਹਿਲ ਦਿੱਤੀ ਜਾਵੇਗੀ।

ਜੇਕਰ ਤੁਹਾਡੇ ਬੱਚੇ ਦਾ ਜਨਮ ਸਾਲ 2019 ਵਿੱਚ ਹੋਇਆ ਹੈ ਤਾਂ ਖ਼ਾਲਸਾ ਸਕੂਲ ਵਿੱਚ ਤੁਸੀਂ ਆਪਣੇ ਬੱਚੇ ਦੀ ਕਿੰਡਰਗਾਰਟਨ ਦੀ ਅਸੈਸਮੈਂਟ ਲਈ ਫੋਨ ਕਰਕੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।





